③

# ਸ਼੍ਰੇਣੀ ਸੱਤਵੀਂ

# ਸੰਗੀਤ ਵਾਦਨ

## ਪੇਪਰ - ਏ

ਸਮਾਂ ਲਿਖਤੀ -3 ਘੰਟੇ
ਪ੍ਰਯੋਗੀ:20 ਮਿੰਟ (ਪ੍ਰਤੀ ਵਿਦਿਆਰਥੀ)

ਲਿਖਤੀ:-40 ਅੰਕ
ਪ੍ਰਯੋਗੀ :- 50 ਅੰਕ
ਸੀ.ਸੀ.ਈ. :-10 ਅੰਕ
ਕੁੱਲ :-100 ਅੰਕ

### ਪ੍ਰਸ਼ਨ-ਪੱਤਰ ਦੀ ਰੂਪ-ਰੇਖਾ (ਲਿਖਤੀ)

1. ਲਿਖਤੀ ਪ੍ਰਸ਼ਨ-ਪੱਤਰ ਵਿੱਚ ਕੁੱਲ 23 ਪ੍ਰਸ਼ਨ ਹੋਣਗੇ।
2. ਪ੍ਰਸ਼ਨ ਪੱਤਰ ਦੇ ਕੁੱਲ ਤਿੰਨ ਭਾਗ ਹੋਣਗੇ।

ਭਾਗ-1 ਵਿੱਚੋਂ 9 ਵਸਤੂਨਿਸ਼ਠ ਪ੍ਰਸ਼ਨ (ਪ੍ਰ. ਨੰ: 1-9) ਪੁੱਛੇ ਜਾਣਗੇ। ਹਰੇਕ ਪ੍ਰਸ਼ਨ 1 ਅੰਕ ਦਾ ਹੋਵੇਗਾ। ਹਰੇਕ ਪ੍ਰਸ਼ਨ ਦਾ ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਤੋਂ ਵੱਧ ਨਹੀ ਹੋਣਾ ਚਾਹੀਦਾ ਹੈ। 9×1=9 ਅੰਕ

ਭਾਗ- 2 ਵਿੱਚੋਂ 10 ਸੰਖੇਪਾਤਮਕ ਪ੍ਰਸ਼ਨ (ਪ੍ਰ. ਨੰ: 10-19) ਪੁੱਛੇ ਜਾਣਗੇ। ਹਰੇਕ ਪ੍ਰਸ਼ਨ 3 ਅੰਕਾਂ ਦਾ ਹੋਵੇਗਾ। ਇਹਨਾਂ 10 ਪ੍ਰਸ਼ਨਾਂ ਵਿੱਚੋ ਕੋਈ 7 ਪ੍ਰਸ਼ਨ ਕਰਨੇ ਲਾਜ਼ਮੀ ਹਨ ਜਿਨ੍ਹਾਂ ਦਾ ਉੱਤਰ 10-15 ਲਾਈਨਾਂ ਵਿੱਚ ਹੋਣਾ ਚਾਹੀਦਾ ਹੈ। 7×3=21 ਅੰਕ

ਭਾਗ-3 ਵਿੱਚੋਂ 4 ਨਿਬੰਧਾਤਮਕ ਪ੍ਰਸ਼ਨ (ਪ੍ਰ. ਨੰ: 20-23) ਪੁੱਛੇ ਜਾਣਗੇ। ਹਰੇਕ ਪ੍ਰਸ਼ਨ 5 ਅੰਕਾਂ ਦਾ ਹੋਵੇਗਾ। ਇਹਨਾਂ 4 ਪ੍ਰਸ਼ਨਾਂ ਵਿੱਚੋ ਕੋਈ 2 ਪ੍ਰਸ਼ਨ ਕਰਨੇ ਲਾਜ਼ਮੀ ਹਨ ਜਿਨ੍ਹਾਂ ਦਾ ਉੱਤਰ 150-200 ਲਾਈਨਾਂ ਵਿੱਚ ਹੋਣਾ ਚਾਹੀਦਾ ਹੈ। 5×2=10 ਅੰਕ

### ਭਾਗ ਵਾਇਜ਼ ਪ੍ਰਸ਼ਨਾਂ ਅਤੇ ਅੰਕਾਂ ਦੀ ਵੰਡ

| ਪ੍ਰਸ਼ਨਾਂ ਦੀ ਕਿਸਮ | ਅੰਕ ਪ੍ਰਤੀ ਪ੍ਰਸ਼ਨ | ਪ੍ਰਸ਼ਨਾਂ ਦੀ ਸੰਖਿਆ | ਭਾਗ ਵਾਇਸ ਪ੍ਰਸ਼ਨਾਂ ਦੀ ਵੰਡ | | ਕੁੱਲ ਅੰਕ |
|---|---|---|---|---|---|
| | | | ਭਾਗ - ੳ | ਭਾਗ - ਅ | |
| ਵਸਤੂਨਿਸ਼ਠ ਪ੍ਰਸ਼ਨ | 1 ਅੰਕ | 09 | 5 | 4 | 09 |
| ਛੋਟੇ ਉੱਤਰਾਂ ਵਾਲੇ ਪ੍ਰਸ਼ਨ | 3 ਅੰਕ | 10 | 6 | 4 | 21 |
| ਨਿਬੰਧਾਤਮਕ ਪ੍ਰਸ਼ਨ | 5 ਅੰਕ | 04 | 2 | 2 | 10 |
| ਕੁੱਲ | | 23 | 13 | 10 | 40 |

(5)

# ਮਾਡਲ ਟੈਸਟ ਪੇਪਰ

**ਭਾਗ-I : ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ ਲਿਖੋ:-**

1. ਨਾਦ ਕਿੰਨੇ ਪ੍ਰਕਾਰ ਦੇ ਹੁੰਦੇ ਹਨ ?
2. ਸਵਰ ਕਿੰਨੇ ਪ੍ਰਕਾਰ ਦੇ ਹੁੰਦੇ ਹਨ ?
3. ਕੋਮਲ ਸਵਰ ਕਿੰਨੇ ਹੁੰਦੇ ਹਨ ?
4. ਤੀਵਰ ਸਵਰ ਦੀ ਪਹਿਚਾਣ ਦੱਸੋ ?
5. ਸ਼ਰੁਤੀ ਦਾ ਕੀ ਅਰਥ ਹੈ ?
6. ਤਿੰਨ ਤਾਲ ਦੀ ਪਹਿਲੀ ਮਾਤਰਾ ਤੇ ਕਿਹੜਾ ਚਿੰਨ੍ਹ ਲਗਾਇਆ ਜਾਂਦਾ ਹੈ ?
7. ਰੂਪਕ ਤਾਲ ਵਿੱਚ ਕਿੰਨੀਆਂ ਮਾਤਰਾਵਾਂ ਹੁੰਦੀਆਂ ਹਨ ?
8. ਕੋਈ ਦੋ ਅਲੰਕਾਰ ਲਿਖੋ ?
9. ਰਾਗ ਭੁਪਾਲੀ ਦੇ ਵਾਦੀ ਅਤੇ ਸੰਵਾਦੀ ਸਵਰ ਕਿਹੜੇ ਹਨ ?

**[1 × 9= 9]**

**ਭਾਗ-II : ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ ਦਿਓ:-**

10. ਰਾਗ ਕਿਸਨੂੰ ਆਖਦੇ ਹਨ ਅਤੇ ਰਾਗ ਦੇ ਕੋਈ ਤਿੰਨ ਨਿਯਮ ਲਿਖੋ।
11. ਸ਼ੁੱਧ ਸਵਰ ਅਤੇ ਕੋਮਲ ਸਵਰਾਂ ਦੀ ਪਰਿਭਾਸ਼ਾਂ ਦਿਓ।
12. ਵਾਦੀ ਸਵਰ ਕਿਸਨੂੰ ਆਖਦੇ ਹਨ ਅਤੇ ਰਾਗ ਵਿੱਚ ਇਸ ਦੀ ਕੀ ਮਹੱਤਤਾ ਹੈ।
13. ਪਕੜ ਦੀ ਪਰਿਭਾਸ਼ਾ ਦੱਸੋ।
14. ਆਹਤ ਨਾਦ ਕਿਸਨੂੰ ਆਖਦੇ ਹਨ, ਉਦਾਹਰਣ ਸਹਿਤ ਵਿਆਖਿਆ ਕਰੋ।
15. ਅਨੁਵਾਦੀ ਸਵਰ ਕਿਹੜੇ ਹੁੰਦੇ ਹਨ, ਪਰਿਭਾਸ਼ਾ ਦੱਸੋ।
16. ਰਾਗ ਭੁਪਾਲੀ ਦਾ ਆਰੋਹ, ਅਵਰੋਹ ਅਤੇ ਪਕੜ ਲਿਖੋ।
17. ਰਾਗ ਦੁਰਗਾ ਦਾ ਪਰਿਚੈ ਲਿਖੋ।
18. ਸਿਤਾਰ ਦੇ ਬੋਲਾਂ ਨੂੰ ਕੱਢਣ ਦੀ ਕੀ ਵਿਧੀ ਹੁੰਦੀ ਹੈ ?
19. ਵਰਜਿਤ ਸਵਰਾਂ ਦੀ ਪਰਿਭਾਸ਼ਾ ਦਿਓ।

**[3 × 7=21]**

**ਭਾਗ-III : ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਲਿਖੋ:-**

20. ਰੂਪਕ ਤਾਲ ਨੂੰ ਇੱਕ ਗੁਣ ਅਤੇ ਦੁਗੁਣ ਲੈਅਕਾਰੀ ਵਿੱਚ ਲਿਖੋ।
21. ਰਾਗ ਭੁਪਾਲੀ ਜਾਂ ਰਾਗ ਦੁਰਗਾ ਦੀ ਦਰੁੱਤ ਗਤ ਦੀ ਸੁਰਲਿਪੀ ਲਿਖੋ।
22. ਪੰਡਤ ਵਿਸ਼ਨੂੰ ਨਰਾਇਣ ਭਾਤਖੰਡੇ ਦੀ ਜੀਵਨੀ ਲਿਖੋ।
23. ਸੰਗੀਤ ਵਿੱਚ ਕਿੰਨੀਆਂ ਸ਼ਰੂਤੀਆਂ ਮੰਨੀਆਂ ਗਈਆਂ ਹਨ। ਸ਼ਰੂਤੀਆਂ ਦੇ ਨਾਮ ਲਿਖੋ ?

**[5 × 2=10]**